ਮਿੱਠੇ ਬੱਚੇ:- "ਮਿੱਠੇ ਬੱਚੇ :-ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਸਭ ਨਾਲ ਤੋੜ ਨਿਭਾਉਣਾ ਹੈ, ਨਫਰਤ ਨਹੀਂ ਕਰਨੀ ਹੈ ਲੇਕਿਨ ਕਮਲ ਫੁੱਲ ਦੇ ਸਮਾਨ ਪਵਿੱਤ੍ਰ ਜਰੂਰ ਬਣਨਾ ਹੈ"

ਪ੍ਰਸ਼ਨ:- ਤੁਹਾਡੀ ਵਿਜੇ ਦਾ ਡੰਕਾ ਕਦੋਂ ਵੱਜੇਗਾ? ਵਾਹ - ਵਾਹ ਕਦੋਂ ਨਿਕਲੇਗੀ?

ਉੱਤਰ:- ਅੰਤ ਵੇਲੇ ਜਦੋਂ ਤੁਸੀਂ ਬੱਚਿਆਂ ਤੇ ਮਾਇਆ ਦੀ ਗ੍ਰਹਿਚਾਰੀ ਬੈਠਣਾ ਬੰਦ ਹੋ ਜਾਵੇਗੀ, ਸਦਾ ਲਾਈਨ ਕਲੀਅਰ ਰਹੇਗੀ ਵਾਹ - ਵਾਹ ਨਿਕਲੇਗੀ, ਵਿਜੇ ਦੇ ਡੰਕਾ ਵੱਜੇਗਾ। ਹੁਣ ਤੇ ਬੱਚਿਆਂ ਤੇ ਗ੍ਰਹਿਚਾਰੀ ਬੈਠ ਜਾਂਦੀ ਹੈ। ਵਿਘਣ ਪੈਂਦੇ ਰਹਿੰਦੇ ਹਨ। ਤਿੰਨ ਪੈਰ ਪ੍ਰਿਥਵੀ ਦੇ ਵੀ ਸੇਵਾ ਲਈ ਮੁਸ਼ਕਿਲ ਮਿਲਦੇ ਹਨ ਲੇਕਿਨ ਉਹ ਵੀ ਸਮੇਂ ਆਵੇਗਾ ਜਦੋਂ ਤੁਸੀਂ ਬੱਚੇ ਸਾਰੇ ਵਿਸ਼ਵ ਦੇ ਮਾਲਿਕ ਹੋਵੋਗੇ।

ਗੀਤ:- ਧੀਰਜ ਧਰ ਮਨੁਆ...

ਓਮ ਸ਼ਾਂਤੀ। ਬੱਚੇ ਨੰਬਰਵਾਰ ਪੁਰਸ਼ਾਰਥ ਅਨੁਸਾਰ ਜਾਣਦੇ ਹਨ ਕਿ ਹੁਣ ਪੁਰਾਣਾ ਨਾਟਕ ਪੂਰਾ ਹੋਇਆ ਹੈ। ਦੁੱਖ ਦੇ ਦਿਨ ਬਾਕੀ ਕੁਝ ਘੜੀਆਂ ਹਨ ਅਤੇ ਫਿਰ ਸਦਾ ਸੁਖ ਹੀ ਸੁਖ ਹੋਵੇਗਾ। ਜਦੋਂ ਸੁਖ ਦਾ ਪਤਾ ਪੈਂਦਾ ਹੈ ਤਾਂ ਸਮਝਿਆ ਜਾਂਦਾ ਹੈ ਇਹ ਦੁਖਧਾਮ ਹੈ, ਵਾਸਟ ਡੀਫਰੇਂਟ ਹੈ। ਹੁਣ ਸੁਖ ਦੇ ਲਈ ਤੁਸੀਂ ਪੁਰਸ਼ਾਰਥ ਕਰ ਰਹੇ ਹੋ ਸਮਝਦੇ ਹੋ ਇਹ ਦੁੱਖ ਦਾ ਪੁਰਾਣਾ ਨਾਟਕ ਪੂਰਾ ਹੋਇਆ। ਸੁਖ ਦੇ ਲਈ ਹੁਣ ਬਾਪਦਾਦਾ ਦੀ ਸ਼੍ਰੀਮਤ ਤੇ ਚੱਲ ਰਹੇ ਹਾਂ। ਕਿਸੇ ਨੂੰ ਵੀ ਸਮਝਾਉਣਾ ਬਹੁਤ ਸੌਖਾ ਹੈ। ਹੁਣ ਬਾਪ ਦੇ ਕੋਲ ਜਾਣਾ ਹੈ। ਬਾਬਾ ਲੈਣ ਆਇਆ ਹੈ। ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਕਮਲ ਫੁੱਲ ਸਮਾਨ ਪਵਿੱਤ੍ਰ ਹੋ ਰਹਿਣਾ ਹੈ। ਤੋੜ ਜਰੂਰ ਨਿਭਾਉਣਾ ਹੈ। ਜੇਕਰ ਤੋੜ ਨਹੀਂ ਨਿਭਾਉਂਦੇ ਹੋ ਤਾਂ ਜਿਵੇਂ ਸੰਨਿਆਸੀਆਂ ਮਿਸਲ ਹੋ ਜਾਂਦੇ। ਉਹ ਤੋੜ ਨਹੀਂ ਨਿਭਾਉਂਦੇ ਹਨ ਤਾਂ ਉਨ੍ਹਾਂ ਨੂੰ ਨਿਵ੍ਰਤੀ ਮਾਰਗ, ਹਠਯੋਗ ਕਿਹਾ ਜਾਂਦਾ ਹੈ। ਸੰਨਿਆਸੀਆਂ ਦਵਾਰਾ ਜੋ ਸਿਖਾਇਆ ਜਾਂਦਾ ਹੈ ਉਹ ਹੈ ਹਠਯੋਗ। ਅਸੀ ਰਾਜਯੋਗ ਸਿੱਖਦੇ ਹਾਂ, ਜੋ ਭਗਵਾਨ ਸਿਖਾਉਂਦੇ ਹਨ। ਭਾਰਤ ਦਾ ਧਰਮ ਸ਼ਾਸਤਰ ਹੈ ਹੀ ਗੀਤਾ। ਦੂਜਿਆਂ ਦਾ ਧਰਮ ਸ਼ਾਸਤਰ ਕੀ ਹੈ ਉਸ ਨਾਲ ਸਾਡਾ ਕੋਈ ਤਾਲੁਕ ਨਹੀਂ। ਤੁਸੀਂ ਹੁਣ ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਇੱਕ ਵਾਰੀ ਸੰਨਿਆਸ ਕਰਦੇ ਹੋ ਫਿਰ 21 ਜਨਮ ਉਸ ਦੀ ਪ੍ਰਾਲਬਧ ਪਾਉਂਦੇ ਹੋ। ਉਨ੍ਹਾਂ ਦਾ ਹੈ ਹੱਦ ਦਾ ਸੰਨਿਆਸ ਅਤੇ ਹਠਯੋਗ, ਤੁਹਾਡਾ ਹੈ ਬੇਹੱਦ ਦਾ ਸੰਨਿਆਸ ਅਤੇ ਰਾਜਯੋਗ। ਉਹ ਤੇ ਗ੍ਰਹਿਸਥ ਵਿਵਹਾਰ ਛੱਡ ਦਿੰਦੇ ਹਨ। ਰਾਜਯੋਗ ਦਾ ਤੇ ਬਹੁਤ ਗਾਇਨ ਹੈ। ਭਗਵਾਨ ਨੇ ਰਾਜਯੋਗ ਸਿਖਲਾਇਆ ਤਾਂ ਜਰੂਰ ਭਗਵਾਨ ਉੱਚ ਤੋਂ ਉੱਚ ਨੂੰ ਹੀ ਕਹਾਂਗੇ। ਸ਼੍ਰੀਕ੍ਰਿਸ਼ਨ ਤੇ ਭਗਵਾਨ ਹੋ ਨਹੀਂ ਸਕਦਾ। ਬੇਹੱਦ ਦਾ ਬਾਪ ਹੈ ਹੀ ਉਹ ਨਿਰਾਕਾਰ। ਬੇਹੱਦ ਦੀ ਬਾਦਸ਼ਾਹੀ ਉਹ ਹੀ ਦੇ ਸਕਦੇ ਹਨ। ਇੱਥੇ ਗ੍ਰਹਿਸਥ ਵਿਵਹਾਰ ਨਾਲ ਨਫਰਤ ਨਹੀਂ ਕੀਤੀ ਜਾਂਦੀ। ਬਾਪ ਕਹਿੰਦੇ ਹਨ ਇਹ ਅੰਤਿਮ ਜਨਮ ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਪਵਿੱਤ੍ਰ ਬਣੋ। ਪਤਿਤ ਪਾਵਨ ਕਿਸੇ ਸੰਨਿਆਸੀ ਨੂੰ ਨਹੀਂ ਕਿਹਾ ਜਾਂਦਾ। ਸੰਨਿਆਸੀ ਖੁਦ ਵੀ ਗਾਉਂਦੇ ਹਨ ਪਤਿਤ - ਪਾਵਨ... ਉਨ੍ਹਾਂ ਨੂੰ ਯਾਦ ਕਰਦੇ ਹਨ, ਉਹ ਵੀ ਪਾਵਨ ਦੁਨੀਆ ਚਾਉਂਦੇ ਹਨ। ਪ੍ਰੰਤੂ ਇਹ ਨਹੀਂ ਜਾਣਦੇ ਕਿ ਉਹ ਦੁਨੀਆ ਹੀ ਇੱਕ ਹੋਰ ਹੈ। ਜਦ ਕਿ ਉਹ ਗ੍ਰਹਿਸਥ ਵਿਵਹਾਰ ਵਿਚ ਹੀ ਨਹੀਂ ਹਨ ਤਾਂ ਦੇਵਤਾਵਾਂ ਨੂੰ ਵੀ ਨਹੀਂ ਮੰਨਣਗੇ। ਉਹ ਕਦੇ ਰਾਜਯੋਗ ਸਿਖਲਾ ਨਹੀਂ ਸਕਦੇ। ਨਾ ਬਾਪ ਕਦੇ ਹਠਯੋਗ ਸਿਖਲਾ ਸਕਦੇ, ਨਾ ਸੰਨਿਆਸੀ ਕਦੇ ਰਾਜਯੋਗ ਸਿਖਲਾ ਸਕਦੇ। ਇਹ ਸਮਝਣ ਦੀਆਂ ਗੱਲਾਂ ਹਨ।

ਹੁਣ ਦਿੱਲੀ ਵਿਚ ਵਰਲਡ ਕਾਨਫਰੰਸ ਹੁੰਦੀ ਹੈ, ਉਨ੍ਹਾਂ ਨੂੰ ਸਮਝਾਉਣਾ ਹੈ, ਲਿਖਤ ਵਿੱਚ ਸਭ ਨੂੰ ਦੇਣਾ ਹੈ। ਉਥੇ ਤਾਂ ਮਤਭੇਦ ਹੋ ਜਾਂਦਾ ਹੈ। ਲਿਖਤ ਵਿਚ ਹੋਵੇਗਾ ਤਾਂ ਸਾਰੇ ਸਮਝ ਜਾਣਗੇ ਇਨ੍ਹਾਂ ਦਾ ਉਦੇਸ਼ ਕੀ ਹੈ। ਹੁਣ ਤੁਸੀਂ ਸਮਝਦੇ ਹੋ ਅਸੀਂ ਹਾਂ ਬ੍ਰਾਹਮਣ ਕੁਲ ਦੇ, ਅਸੀਂ ਸ਼ੂਦ੍ਰ ਕੁਲ ਦੇ ਮੈਂਬਰ ਕਿਵੇਂ ਬਣ ਸਕਦੇ ਹਾਂ ਜਾਂ ਵਿਕਾਰੀ ਕੁਲ ਵਿੱਚ ਅਸੀਂ ਆਪਣੇ ਨੂੰ ਕਿਵੇਂ ਰਜਿਸਟਰ ਕਰ ਸਕਦੇ ਹਾਂ, ਇਸਲਈ ਨਾ ਕਰ ਦਿੰਦੇ। ਅਸੀ ਹਾਂ ਆਸਤਿਕ, ਉਹ ਹਨ ਨਾਸਤਿਕ। ਉਹ ਹਨ ਈਸ਼ਵਰ ਨੂੰ ਨਾ ਮੰਨਣ ਵਾਲੇ, ਅਸੀਂ ਹਾਂ ਈਸ਼ਵਰ ਨਾਲ

ਯੋਗ ਰੱਖਣ ਵਾਲੇ। ਮਤਭੇਦ ਹੋ ਜਾਂਦਾ ਹੈ। ਸਮਝਾਇਆ ਜਾਂਦਾ ਹੈ ਜੋ ਬਾਪ ਨੂੰ ਨਹੀਂ ਜਾਣਦੇ ਉਹ ਨਾਸਤਿਕ ਹਨ। ਤਾਂ ਬਾਪ ਹੀ ਆਕੇ ਆਸਤਿਕ ਬਨਾਉਣਗੇ। ਬਾਪ ਦਾ ਬਣਨ ਨਾਲ ਬਾਪ ਦਾ ਵਰਸਾ ਮਿਲ ਜਾਂਦਾ ਹੈ। ਇਹ ਬੜੀਆਂ ਗੁਪਤ ਗੱਲਾਂ ਹਨ। ਪਹਿਲੇ - ਪਹਿਲੇ ਤਾਂ ਬੁੱਧੀ ਵਿੱਚ ਇਹ ਬਿਠਾਉਣਾ ਹੈ ਕਿ ਗੀਤਾ ਦਾ ਭਗਵਾਨ ਪਰਮਪਿਤਾ ਪਰਮਾਤਮਾ ਹੈ। ਉਸ ਨੇ ਹੀ ਆਦਿ ਸਨਾਤਨ ਦੇਵੀ - ਦੇਵਤਾ ਧਰਮ ਸਥਾਪਨ ਕੀਤਾ। ਭਾਰਤ ਦਾ ਦੇਵੀ - ਦੇਵਤਾ ਧਰਮ ਹੀ ਮੁੱਖ ਹੈ। ਭਾਰਤ ਖੰਡ ਦਾ ਕੋਈ ਤੇ ਧਰਮ ਚਾਹੀਦਾ ਹੈ ਨਾ। ਆਪਣੇ ਧਰਮ ਨੂੰ ਭੁੱਲ ਗਏ ਹਨ। ਇਹ ਵੀ ਤੁਸੀਂ ਜਾਣਦੇ ਹੋ ਕਿ ਡਰਾਮਾ ਅਨੁਸਾਰ ਭਾਰਤਵਾਸੀਆਂ ਨੂੰ ਆਪਣਾ ਧਰਮ ਭੁੱਲ ਜਾਣਾ ਹੈ ਤਾਂ ਤੇ ਫਿਰ ਬਾਪ ਆਕੇ ਸਥਾਪਨ ਕਰੇ। ਨਹੀਂ ਤਾਂ ਫਿਰ ਬਾਪ ਆਵੇ ਕਿਵੇਂ? ਕਹਿੰਦੇ ਹਨ ਜਦੋਂ - ਜਦੋਂ ਦੇਵੀ - ਦੇਵਤਾ ਧਰਮ ਪ੍ਰਾਯ ਲੋਪ ਹੋ ਜਾਂਦਾ ਹੈ ਤਾਂ ਮੈਂ ਆਉਂਦਾ ਹਾਂ। ਪ੍ਰਾਯ ਲੋਪ ਜਰੂਰ ਹੋਣਾ ਹੀ ਹੈ। ਕਹਿੰਦੇ ਹਨ ਨਾ ਬੈਲ ਦੀ ਇੱਕ ਟੰਗ ਟੁੱਟ ਗਈ ਹੈ, ਬਾਕੀ ਤਿੰਨ ਟੰਗਾਂ ਤੇ ਖੜਾ ਹੈ। ਤਾਂ ਮੁੱਖ ਹਨ ਹੀ ਚਾਰ ਧਰਮ। ਹੁਣ ਦੇਵਤਾ ਧਰਮ ਦੀ ਟੰਗ ਟੁੱਟੀ ਪਈ ਹੈ, ਮਤਲਬ ਉਹ ਧਰਮ ਗੁੰਮ ਹੋ ਗਿਆ ਹੈ

ਇਸਲਈ ਬੜ ਦੇ ਝਾੜ ਦਾ ਮਿਸਾਲ ਦਿੰਦੇ ਹਨ ਕਿ ਇਸ ਦਾ ਫਾਉਂਡੇਸ਼ਨ ਸੜ ਗਿਆ ਹੈ। ਬਾਕੀ ਟਾਲ - ਟਾਲੀਆਂ ਕਿੰਨੀਆਂ ਖੜੀਆਂ ਹਨ। ਤਾਂ ਇਸ ਵਿੱਚ ਵੀ ਫਾਉਂਡੇਸ਼ਨ ਦੇਵੀ - ਦੇਵਤਾ ਧਰਮ ਹੈ ਹੀ ਨਹੀਂ। ਬਾਕੀ ਸਾਰੀ ਦੁਨੀਆ ਵਿਚ ਮੱਠ ਮੰਥ ਆਦਿ ਕਿੰਨੇ ਹਨ! ਤੁਹਾਡੀ ਬੁੱਧੀ ਵਿੱਚ ਹੁਣ ਸਾਰੀ ਰੌਸ਼ਨੀ ਹੈ। ਬਾਪ ਕਹਿੰਦੇ ਹਨ ਤੁਸੀਂ ਬੱਚੇ ਇਸ ਡਰਾਮੇ ਨੂੰ ਜਾਨ ਗਏ ਹੋ। ਹੁਣ ਇਹ ਸਾਰਾ ਝਾੜ ਪੁਰਾਣਾ ਹੋ ਗਿਆ ਹੈ। ਕਲਯੁੱਗ ਦੇ ਬਾਦ ਸਤਿਯੁਗ ਜਰੂਰ ਆਉਣਾ ਹੈ। ਚਕ੍ਰ ਨੂੰ ਫਿਰਨਾ ਜਰੂਰ ਹੈ। ਬੁੱਧੀ ਵਿੱਚ ਇਹ ਰੱਖਣਾ ਹੈ - ਹੁਣ ਨਾਟਕ ਪੂਰਾ ਹੋਇਆ ਹੈ, ਅਸੀਂ ਜਾ ਰਹੇ ਹਾਂ। ਚਲਦੇ - ਫਿਰਦੇ ਉੱਠਦੇ - ਬੈਠਦੇ ਵੀ ਯਾਦ ਰਹੇ - ਹੁਣ ਸਾਨੂੰ ਵਾਪਿਸ ਜਾਣਾ ਹੈ। ਮਨਮਨਾਭਵ, ਮਧ ਜੀ ਭਵ ਦਾ ਇਹ ਹੀ ਅਰਥ ਹੈ। ਕਿਸੇ ਵੀ ਵੱਡੀ ਸਭਾ ਵਿਚ ਭਾਸ਼ਣ ਆਦਿ ਕਰਨਾ ਹੈ ਤਾਂ ਇਹ ਹੀ ਸਮਝਾਉਣਾ ਹੈ - ਪਰਮਪਿਤਾ ਪਰਮਾਤਮਾ ਫਿਰ ਤੋਂ ਕਹਿੰਦੇ ਹਨ ਕਿ ਹੇ ਬੱਚੇ, ਦੇਹ ਸਹਿਤ ਦੇਹ ਦੇ ਸਭ ਧਰਮ ਤਿਆਗ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ ਤਾਂ ਪਾਪ ਖਤਮ ਹੋਣਗੇ। ਮੈਂ ਤੁਹਾਨੂੰ ਰਾਜਯੋਗ ਸਿਖਾਉਂਦਾ ਹਾਂ। ਗ੍ਰਿਹਸਥ ਵਿਵਹਾਰ ਵਿਚ ਰਹਿੰਦੇ ਕਮਲ ਫੁੱਲ ਸਮਾਨ ਬਣ ਮੈਨੂੰ ਯਾਦ ਕਰੋ, ਪਵਿੱਤ੍ਰ ਰਹੋ, ਨਾਲੇਜ ਨੂੰ ਧਾਰਨ ਕਰੋ। ਹੁਣ ਸਭ ਦੁਰਗਤੀ ਵਿੱਚ ਹਨ। ਸਤਿਯੁਗ ਵਿੱਚ ਦੇਵਤੇ ਸਦਗ਼ਤੀ ਵਿੱਚ ਸਨ। ਫਿਰ ਬਾਪ ਹੀ ਆਕੇ ਸਦਗਤੀ ਕਰਦੇ ਹਨ। ਸਰਵਗੁਣ ਸੰਪੰਨ, 16 ਕਲਾਂ ਸੰਪੂਰਨ... ਇਹ ਹਨ ਸਦਗਤੀ ਦੇ ਲਕਸ਼ਣ। ਇਹ ਕੌਣ ਦਿੰਦੇ ਹਨ? ਬਾਪ। ਉਨ੍ਹਾਂ ਦੇ ਫਿਰ ਲਕਸ਼ਨ ਕੀ ਹਨ? ਉਹ ਗਿਆਨ ਦਾ ਸਾਗਰ ਹੈ, ਆਨੰਦ ਦਾ ਸਾਗਰ ਹੈ। ਉਨ੍ਹਾਂ ਦੀ ਮਹਿਮਾ ਬਿਲਕੁਲ ਵੱਖ ਹੈ। ਇਵੇਂ ਨਹੀਂ ਕਿ ਸਭ ਇੱਕ ਹੀ ਹਨ। ਇੱਕ ਬਾਪ ਦੇ ਬੱਚੇ ਸਾਰੇ ਆਤਮਾਵਾਂ ਹਨ। ਪ੍ਰਜਾਪਿਤਾ ਦੀ ਹੀ ਔਲਾਦ ਹੁੰਦੇ ਹਨ। ਹੁਣ ਨਵੀਂ ਰਚਨਾ ਰਚੀ ਜਾਂਦੀ ਹੈ। ਪ੍ਰਜਾਪਿਤਾ ਦੀ ਔਲਾਦ ਤੇ ਸਾਰੇ ਹਨ ਪ੍ਰੰਤੂ ਉਹ ਲੋਕ ਇਨ੍ਹਾਂ ਗੱਲਾਂ ਨੂੰ ਜਾਣਦੇ ਨਹੀਂ। ਬ੍ਰਾਹਮਣ ਵਰਣ ਹੈ ਸਭ ਤੋਂ ਉੱਚ। ਭਾਰਤ ਦੇ ਹੀ ਵਰਣ ਗਾਏ ਜਾਂਦੇ ਹਨ। 84 ਜਨਮ ਲੈਣ ਵਿੱਚ ਇਨ੍ਹਾਂ ਵਰਣਾਂ ਤੋਂ ਪਾਸ ਕਰਨਾ ਹੁੰਦਾ ਹੈ। ਬ੍ਰਹਾਮਣ ਵਰਣ ਹੈ ਹੀ ਸੰਗਮਯੁਗ ਤੇ।

ਤੁਸੀਂ ਬੱਚੇ ਹੁਣ ਸਵੀਟ ਸਾਈਲੇਂਸ ਵਿੱਚ ਰਹਿੰਦੇ ਹੋ। ਇਹ ਸਾਈਲੇਂਸ ਸਭ ਤੋਂ ਚੰਗੀ ਹੈ। ਅਸਲ ਵਿੱਚ ਸ਼ਾਂਤੀ ਦਾ ਹਾਰ ਤੇ ਗਲੇ ਵਿਚ ਪਿਆ ਹੋਇਆ ਹੈ। ਚਾਉਂਦੇ ਤਾਂ ਸਭ ਹਨ ਸ਼ਾਂਤੀ ਘਰ ਵਿਚ ਜਾਈਏ। ਪ੍ਰੰਤੂ ਇਹ ਰਸਤਾ ਕੌਣ ਦੱਸੇ? ਸ਼ਾਂਤੀ ਦੇ ਸਾਗਰ ਤੋਂ ਸਿਵਾਏ ਤਾਂ ਕੋਈ ਦੱਸ ਨਾ ਸਕੇ। ਟਾਇਟਲ ਚੰਗਾ ਦਿੱਤਾ ਹੋਇਆ ਹੈ - ਸ਼ਾਂਤੀ ਦਾ ਸਾਗਰ, ਗਿਆਨ ਦਾ ਸਾਗਰ। ਸ਼੍ਰੀਕ੍ਰਿਸ਼ਨ ਤੇ ਸਵਰਗ ਦਾ ਪ੍ਰਿੰਸ ਹੈ। ਉਹ ਹੈ ਮਨੁੱਖ ਸ੍ਰਿਸ਼ਟੀ ਦਾ ਬੀਜਰੂਪ। ਕਿਨਾਂ ਰਾਤ - ਦਿਨ ਦਾ ਫ਼ਰਕ ਹੈ। ਕ੍ਰਿਸ਼ਨ ਨੂੰ ਸ੍ਰਿਸ਼ਟੀ ਦਾ ਬੀਜ ਕਹਿ ਨਹੀਂ ਸਕਦੇ। ਸਰਵਵਿਆਪੀ ਦਾ ਗਿਆਨ ਤੇ ਠਹਿਰ ਨਹੀਂ ਸਕਦਾ। ਬਾਪ ਦੀ ਮਹਿਮਾ ਆਪਣੀ ਹੈ। ਉਹ ਸਦਾ ਪੂਜੀਏ ਹੈ, ਕਦੇ ਪੁਜਾਰੀ ਨਹੀਂ ਬਣਦਾ। ਉਪਰ ਤੋਂ ਪਹਿਲੇ ਜੋ ਆਉਂਦੇ ਹਨ ਉਹ ਪੂਜੀਏ ਤੋਂ ਪੁਜਾਰੀ ਬਣਦੇ ਹਨ। ਪੁਆਇੰਟਸ ਢੇਰ ਸਮਝਾਈ ਜਾਂਦੀ ਹੈ। ਐਗਜੀਬਿਸ਼ਨ ਵਿੱਚ ਕਿੰਨੇ ਆਉਂਦੇ ਹਨ, ਪ੍ਰੰਤੂ ਕੋਟਾਂ ਵਿੱਚੋ ਕੋਈ ਹੀ ਨਿਕਲਦੇ ਹਨ ਕਿਉਂਕਿ ਮੰਜਿਲ ਬਹੁਤ ਭਾਰੀ ਹੈ। ਪ੍ਰਜਾ ਤੇ ਢੇਰ ਬਣਦੀ ਰਹੇਗੀ। ਮਾਲਾ ਵਿਚ ਆਉਣ ਵਾਲੇ ਦਾਣੇ ਕੋਟਾਂ ਵਿਚ ਕੋਈ ਹੀ ਨਿਕਲਦੇ ਹਨ। ਨਾਰਦ ਦਾ ਵੀ ਮਿਸਾਲ ਹੈ, ਉਸ ਨੂੰ ਕਿਹਾ ਤੁਸੀ ਆਪਣੀ ਸ਼ਕਲ ਵੇਖੋ - ਲਕਸ਼ਮੀ ਨੂੰ ਵਰਣ ਲਾਇਕ ਹੋ? ਪ੍ਰਜਾ ਤੇ ਬਹੁਤ ਬਣਨੀ ਹੈ। ਰਾਜਾ ਫਿਰ ਵੀ ਰਾਜਾ ਹੈ। ਇੱਕ - ਇੱਕ ਰਾਜੇ ਦੀ ਲੱਖਾਂ ਪ੍ਰਜਾ ਰਹਿੰਦੀ ਹੈ। ਪੁਰਸ਼ਾਰਥ ਤੇ ਉੱਚ ਕਰਨਾ ਚਾਹੀਦਾ ਹੈ। ਰਾਜਿਆਂ ਵਿੱਚ ਵੀ ਕੋਈ ਵੱਡਾ ਰਾਜਾ, ਕੋਈ ਛੋਟਾ ਰਾਜਾ ਹੈ। ਭਾਰਤ ਵਿਚ ਕਿੰਨੇ ਰਾਜੇ ਸਨ। ਸਤਿਯੁਗ ਵਿੱਚ ਵੀ ਬਹੁਤ ਮਹਾਰਾਜੇ ਹੁੰਦੇ ਹਨ। ਇਹ ਸਤਿਯੁਗ ਤੋਂ ਲੈਕੇ ਚਲਿਆ ਆਇਆ ਹੈ। ਮਹਾਰਾਜਿਆਂ ਦੀ ਬਹੁਤ ਪ੍ਰੋਪਰਟੀ ਹੁੰਦੀ ਹੈ, ਰਾਜਿਆਂ ਦੀ ਘਟ। ਇਹ ਹੈ ਸ੍ਰੀ ਲਕਸ਼ਮੀ - ਨਾਰਾਇਣ ਬਣਨ ਦੀ ਨਾ। ਉਸ ਦੇ ਲਈ ਹੀ ਪੁਰਸ਼ਾਰਥ ਚਲਦਾ ਹੈ। ਪੁੱਛਦੇ ਹਨ ਲਕਸ਼ਮੀ - ਨਾਰਾਇਣ ਦੀ ਪਦਵੀ ਪਾਓ ਗੇ ਜਾਂ ਰਾਮ - ਸੀਤਾ ਦੀ? ਤਾਂ ਕਹਿੰਦੇ ਹਨ ਅਸੀਂ ਤਾਂ ਲਕਸ਼ਮੀ - ਨਰਾਇਣ ਦੀ ਹੀ ਪਦਵੀ ਪਾਵਾਂਗੇ, ਮਾਂ - ਬਾਪ ਤੋਂ ਪੂਰਾ ਵਰਸਾ ਲਵਾਂਗੇ। ਇਹ ਤਾਂ ਵੰਡਰਫੁੱਲ ਗੱਲਾਂ ਹਨ ਨਾ, ਹੋਰ ਕਿਸੇ ਜਗ੍ਹਾ ਇਹ ਗੱਲਾਂ ਨਹੀਂ ਹਨ, ਨਾ ਕਿਸੇ ਸ਼ਾਸਤਰਾਂ ਵਿੱਚ ਹਨ। ਹੁਣ ਤੁਹਾਡੀ ਬੁੱਧੀ ਦਾ ਤਾਲਾ ਖੁਲ ਗਿਆ ਹੈ। ਬਾਪ ਸਮਝਾਉਂਦੇ ਹਨ ਚਲਦੇ - ਫਿਰਦੇ ਇੰਝ ਸਮਝੋ ਅਸੀਂ ਐਕਟ੍ਰਸ ਹਾਂ, ਹੁਣ ਸਾਨੂੰ ਵਾਪਿਸ ਜਾਣਾ ਹੈ। ਇਹ ਯਾਦ ਰਹੇ, ਇਸ ਨੂੰ ਹੀ ਮਨਮਨਾਭਵ, ਮਧਜੀਭਵ ਕਿਹਾ ਜਾਂਦਾ ਹੈ। ਬਾਪ ਘੜੀ - ਘੜੀ ਯਾਦ ਦਵਾਉਂਦੇ ਹਨ - ਮੈਂ ਤੁਹਾਨੂੰ ਵਾਪਿਸ ਲੈ ਜਾਣ ਦੇ ਲਈ ਆਇਆ ਹਾਂ। ਇਹ ਹੈ ਰੂਹਾਨੀ ਯਾਤਰਾ। ਇਹ ਯਾਤਰਾ ਬਾਪ ਦੇ ਸਿਵਾਏ ਕੋਈ ਕਰਵਾ ਨਹੀਂ ਸਕਦਾ। ਭਾਰਤ ਦੀ ਮਹਿਮਾ ਬਹੁਤ ਕਰਨੀ ਹੈ। ਇਹ ਭਾਰਤ ਹੋਲੀਏਸਟ ਲੈਂਡ ਹੈ। ਸਰਵ ਦਾ ਦੁੱਖ ਹਰਤਾ, ਸੁਖ ਕਰਤਾ, ਸਭ ਦਾ ਸਦਗਤੀ ਦਾਤਾ ਇੱਕ ਹੀ ਬਾਪ ਹੈ। ਭਾਰਤ ਉਨ੍ਹਾਂ ਦਾ ਬਰਥ ਪਲੇਸ ਹੈ। ਉਹ ਬਾਪ ਸਭ ਦਾ ਲਿਬ੍ਰੇਟਰ ਹੈ। ਉਨ੍ਹਾਂ ਦਾ ਇੱਥੇ (ਭਾਰਤ ਵਿਚ ) ਵੱਡੇ ਤੋਂ ਵੱਡਾ ਤੀਰਥ ਸਥਾਨ ਹੈ। ਭਾਰਤਵਾਸੀ ਭਾਵੇਂ ਸ਼ਿਵ ਦੇ ਮੰਦਿਰ ਵਿਚ ਜਾਂਦੇ ਹਨ ਪਰ ਉਨ੍ਹਾਂ ਨੂੰ ਪਤਾ ਨਹੀਂ ਹੈ। ਗਾਂਧੀ ਨੂੰ ਜਾਣਦੇ ਹਨ, ਸਮਝਦੇ ਹਨ ਉਹ ਬਹੁਤ ਚੰਗਾ ਸੀ ਇਸਲਈ ਜਾਕੇ ਉਨ੍ਹਾਂ ਤੇ ਫੁੱਲ ਆਦਿ ਚੜਾਉਂਦੇ ਹਨ, ਲੱਖਾਂ ਖਰਚ ਕਰਦੇ ਹਨ। ਹੁਣ ਇਸ ਵੇਲੇ ਹੈ ਹੀ ਉਨ੍ਹਾਂ ਦਾ ਰਾਜ। ਜੋ ਚਾਉਣ ਉਹ ਕਰ ਸਕਦੇ ਹਨ। ਇਹ ਤੇ ਬਾਪ ਬੈਠ ਗੁਪਤ ਧਰਮ ਦੀ ਸਥਾਪਨਾ ਕਰਦੇ ਹਨ, ਇਹ ਰਾਜ ਹੀ ਵੱਖ ਹੈ। ਭਾਰਤ ਵਿਚ ਪਹਿਲੇ - ਪਹਿਲੇ ਦੇਵਤਾਵਾਂ ਦਾ ਰਾਜ ਸੀ। ਵਿਖਾਉਂਦੇ ਹਨ ਅਸੁਰਾਂ ਅਤੇ ਦੇਵਤਾਵਾਂ ਦੀ ਲੜਾਈ ਲੱਗੀ। ਪ੍ਰੰਤੂ ਅਜਿਹੀਆਂ ਗੱਲਾਂ ਤੇ ਨਹੀਂ ਹਨ। ਇਹ ਤਾਂ ਯੁੱਧ ਦੇ ਮੈਦਾਨ ਵਿੱਚ ਮਾਇਆ ਤੇ ਜਿੱਤ ਪਾਈ ਜਾਂਦੀ ਹੈ, ਮਾਇਆ ਤੇ ਜਿੱਤ ਤਾਂ ਜਰੂਰ ਸ੍ਵਵਸ਼ਕਤੀਮਾਨ ਹੀ ਪਹਿਨਾਉਣਗੇ। ਬਾਬਾ ਹੀ ਰਾਵਣ ਰਾਜ ਤੋਂ ਛੁਡਾ ਕੇ ਰਾਮਰਾਜ ਦੀ ਸਥਾਪਨਾ ਕਰਵਾ ਰਹੇ ਹਨ। ਬਾਕੀ ਉੱਥੇ ਲੜਾਈ ਆਦਿ ਦੀ ਗੱਲ ਹੁੰਦੀ ਨਹੀਂ। ਹੁਣ ਵੇਖੋਗੇ ਤਾਂ ਸ੍ਰਿਸ਼ਟੀ ਵਿਚ ਸ੍ਵਵਸ਼ਕਤੀਮਾਨ ਇਸ ਵੇਲੇ ਕ੍ਰਿਸ਼ਚਨ ਲੋਕ ਹਨ। ਉਹ ਚਾਉਣ ਤਾਂ ਸਭ ਤੇ ਜਿੱਤ ਪਾ ਸਕਦੇ ਹਨ। ਪ੍ਰੰਤੂ ਉਹ ਵਿਸ਼ਵ ਦੇ ਮਾਲਿਕ ਬਣਨ, ਇਹ ਕਾਇਦਾ ਨਹੀਂ। ਇਸ ਰਾਜ਼ ਨੂੰ ਤੁਸੀਂ ਹੀ ਜਾਣਦੇ ਹੋ। ਇਸ ਸਮੇਂ ਸ੍ਵਵਸ਼ਕਤੀਵਾਨ ਰਾਜਧਾਨੀ ਕ੍ਰਿਸ਼ਚਨਾਂ ਦੀ ਹੈ। ਨਹੀਂ ਤੇ ਉਨ੍ਹਾਂ ਦੀ ਗਿਣਤੀ ਘੱਟ ਹੋਣੀ ਚਾਹੀਦੀ ਹੈ ਕਿਉਂਕਿ ਲਾਸ੍ਟ ਵਿੱਚ ਆਏ ਹਨ। ਪ੍ਰੰਤੂ ਤਿੰਨਾਂ ਧਰਮਾਂ ਵਿਚੋਂ ਇਹ ਧਰਮ ਸਭ ਤੋਂ

ਤਿੱਖਾ ਹੈ। ਸਭ ਨੂੰ ਹੱਥਕਰ ਬੈਠੇ ਹਨ। ਇਹ ਵੀ ਡਰਾਮੇ ਵਿੱਚ ਬਣਿਆ ਹੋਇਆ ਹੈ। ਇਨ੍ਹਾਂ ਦੇ ਦਵਾਰਾ ਹੀ ਫਿਰ ਸਾਨੂੰ ਰਾਜਧਾਨੀ ਮਿਲਣੀ ਹੈ। ਕਹਾਣੀ ਵੀ ਹੀ ਦੋ ਬਿੱਲੇ ਲੜੇ, ਮੱਖਣ ਵਿਚੋਂ ਤੀਜੇ ਨੂੰ ਮਿਲ ਜਾਂਦਾ ਹੈ। ਤਾਂ ਉਹ ਆਪਸ ਵਿੱਚ ਲੜਦੇ ਹਨ, ਮੱਖਣ ਵਿੱਚੋ ਭਾਰਤਵਾਸੀਆਂ ਨੂੰ ਹੀ ਮਿਲਣਾ ਹੈ। ਕਹਾਣੀ ਤੇ ਪਾਈ ਪੈਸੇ ਦੀ ਹੈ, ਅਰਥ ਕਿੰਨਾਂ ਵੱਡਾ ਹੈ। ਮਨੁੱਖ ਕਿੰਨੇ ਬੇਸਮਝ ਹਨ। ਐਕਟਰ ਹੁੰਦੇ ਹੋਏ ਵੀ ਡਰਾਮੇ ਨੂੰ ਨਹੀਂ ਜਾਣਦੇ, ਬੇਸਮਝ ਹੋਏ ਪਏ ਹਨ। ਸਮਝਦੇ ਵੀ ਗਰੀਬ ਹਨ। ਸਾਹੂਕਾਰ ਲੋਕ ਕੁਝ ਵੀ ਨਹੀਂ ਸਮਝਦੇ। ਗਰੀਬ ਨਿਵਾਜ ਪਤਿਤ - ਪਾਵਨ ਬਾਪ ਗਾਇਆ ਹੋਇਆ ਹੈ। ਹੁਣ ਪ੍ਰੈਕਟਿਕਲ ਵਿੱਚ ਪਾਰਟ ਵਜਾ ਰਹੇ ਹਨ। ਵੱਡੀਆਂ - ਵੱਡੀਆਂ ਸਭਾਵਾਂ ਵਿੱਚ ਤੁਹਾਨੂੰ ਸਮਝਾਉਣਾ ਹੈ। ਵਿਵੇਕ ਕਹਿੰਦਾ ਹੈ ਕਿ ਹੌਲੀ - ਹੌਲੀ ਵਹ - ਵਾਹ ਨਿਕਲੇਗੀ, ਲਾਸ੍ਰ ਮੂਵਮੇਂਟ ਵਿੱਚ ਡੰਕਾ ਵਜਨਾ ਹੈ। ਹੁਣ ਤੇ ਬੱਚਿਆਂ ਤੇ ਗ੍ਰਹਿਚਾਰੀ ਬੈਠਦੀ ਹੈ। ਲਾਈਨ ਕਲੀਅਰ ਨਹੀਂ। ਵਿਘਣ ਪੈਂਦੇ ਰਹਿੰਦੇ ਹਨ। ਇਹ ਵੀ ਡਰਾਮੇ ਅਨੁਸਾਰ ਪੈਂਦੇ ਰਹਿਣਗੇ। ਜਿੰਨਾਂ ਪੁਰਸ਼ਾਰਥ ਕਰੋਂਗੇ, ਉਨਾਂ ਉੱਚ ਪਦਵੀ ਪਾਵੋਗੇ। ਪਾਂਡਵਾਂ ਨੂੰ ਤਿੰਨ ਪੈਰ ਪ੍ਰਥੀਵੀ ਦੇ ਨਹੀਂ ਮਿਲਦੇ ਸਨ। ਹੁਣ ਦਾ ਇਹ ਗਾਇਨ ਹੈ। ਪ੍ਰੰਤੂ ਇਹ ਕਿਸੇ ਨੂੰ ਪਤਾ ਨਹੀਂ ਹੈ ਕਿ ਉਹ ਹੀ ਫਿਰ ਪ੍ਰੈਕਟਿਕਲ ਵਿੱਚ ਵਿਸ਼ਵ ਦੇ ਮਾਲਿਕ ਬਣੇ। ਤੁਸੀਂ ਬੱਚੇ ਹੁਣ ਜਾਣਦੇ ਹੋ, ਇਸ ਵਿੱਚ ਅਫ਼ਸੋਸ ਨਹੀਂ ਕੀਤਾ ਜਾਂਦਾ। ਕਲਪ ਪਹਿਲੇ ਵੀ ਇਵੇਂ ਹੋਇਆ ਸੀ। ਡਰਾਮੇ ਦੇ ਪੱਟੇ ਤੇ ਖੜਾ ਰਹਿਣਾ ਚਾਹੀਦਾ ਹੈ, ਹਿਲਣਾ ਨਹੀਂ ਚਾਹੀਦਾ। ਹੁਣ ਨਾਟਕ ਪੂਰਾ ਹੁੰਦਾ ਹੈ, ਚਲਦੇ ਹਾਂ ਸੁਖਧਾਮ। ਪੜਾਈ ਅਜਿਹੀ ਪੜਨੀ ਹੈ ਜੋ ਉੱਚ ਪਦਵੀ ਪਾ ਲੇਵੋਂ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਚਲਦੇ - ਫਿਰਦੇ ਆਪਣੇ ਨੂੰ ਐਕਟਰ ਸਮਝਣਾ ਹੈ, ਡਰਾਮੇ ਦੇ ਪੱਟੇ ਤੇ ਅਚਲ ਰਹਿਣਾ ਹੈ। ਬੁੱਧੀ ਵਿੱਚ ਰਹੇ ਕਿ ਹੁਣ ਅਸੀ ਵਾਪਿਸ ਘਰ ਜਾਂਦੇ ਹਾਂ, ਅਸੀਂ ਯਾਤ੍ਰਾ ਤੇ ਹਾਂ।

**2.** ਸਦਗਤੀ ਦੇ ਸਾਰੇ ਲਕਸ਼ਣ ਖੁਦ ਵਿੱਚ ਧਾਰਨ ਕਰਨੇ ਹਨ। ਸ੍ਰਵਗੁਣ ਸੰਪੰਨ, 16 ਕਲਾਂ ਸੰਪੂਰਨ ਬਣਨਾ ਹੈ।

ਵਰਦਾਨ:- ਸੰਗਮਯੁੱਗ ਤੇ ਸ੍ਰੇਸ਼ਠ ਮਤ ਦਵਾਰਾ ਸ੍ਰੇਸ਼ਠ ਗਤੀ ਨੂੰ ਪ੍ਰਾਪਤ ਕਰਨ ਵਾਲੇ ਪ੍ਰਤੱਖ ਫਲ ਦੇ ਅਧਿਕਾਰੀ ਭਵ।
ਸੰਗਮਯੁਗ ਤੇ ਸ੍ਰੇਸ਼ਠ ਮਤ ਦੇ ਆਧਾਰ ਤੇ ਜੋ ਸ੍ਰੇਸ਼ਠ ਕਰਮ ਕਰਦੇ ਹੋ ਉਸ ਦਾ ਪ੍ਰਤਖਫਲ ਮਤਲਬ ਸਫਲਤਾ ਹੁਣ ਹੀ ਪ੍ਰਾਪਤ ਹੁੰਦੀ ਹੈ, ਇਸਲਈ ਕਹਿੰਦੇ ਹਨ ਜਿਵੇਂ ਦੀ ਮਤ ਉਵੇਂ ਦੀ ਗਤ। ਉਹ ਲੋਕ ਸਮਝਦੇ ਹਨ ਮਰਨ ਦੇ ਬਾਦ ਗਤੀ ਮਿਲੇਗੀ ਲੇਕਿਨ ਤੁਸੀਂ ਬੱਚਿਆਂ ਨੂੰ ਇਸ ਅੰਤਿਮ ਮਰਜੀਵਾ ਜਨਮ ਵਿੱਚ ਹਰ ਕਰਮ ਦੀ ਸਫਲਤਾ ਦਾ ਫਲ ਮਤਲਬ ਗਤੀ ਪ੍ਰਾਪਤ ਹੋਣ ਦਾ ਵਰਦਾਨ ਮਿਲਿਆ ਹੋਇਆ ਹੈ। ਤੁਸੀਂ ਭਵਿੱਖ ਦੀ ਇੰਤਜ਼ਾਰ ਵਿੱਚ ਨਹੀਂ ਰਹਿੰਦੇ। ਹੁਣੇ - ਹੁਣੇ ਕਰਦੇ ਅਤੇ ਹੁਣੇ - ਹੁਣੇ ਪ੍ਰਾਪਤੀ ਦਾ ਅਧਿਕਾਰ ਮਿਲ ਜਾਂਦਾ - ਇਸ ਨੂੰ ਹੀ ਕਹਿੰਦੇ ਹਨ ਰਚਿਯਤਾ ਦਾ ਰਚਨਾ ਨਾਲ ਸੱਚਾ ਪਿਆਰ।

ਸਲੋਗਨ:- ਦ੍ਰਿੜ ਸੰਕਲਪ ਨਾਲ ਹਰ ਕਦਮ ਵਿੱਚ ਬਾਪ ਨੂੰ ਫਾਲੋ ਕਰਨ ਵਾਲੇ ਹੀ ਸੰਪੰਨ ਬਣਦੇ ਹਨ।

******